# ਪੰਜਾਬੀ (210)
# ਟੀ.ਐਮ.ਏ.
# ਸੈਕੰਡਰੀ ਪੱਧਰ

ਕੁਲ ਅੰਕ: 20
**MM.:20**

ਨੋਟ: (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

Note: (i) All Questions are compulsory.
(ii) Write your Enrolment number. A.I Name and Subject etc. on the top of the first page of the Answer Sheet.

ਪ੍ਰ.1 ਹੇਠ ਲਿਖਿਆਂ ਵਿਚੋਂ ਕਿਸੇ ਇੱਕ ਪ੍ਰਸ਼ਨ ਦਾ ਉਤਰ 40-60 ਸ਼ਬਦਾਂ ਵਿੱਚ ਦਿਓ। 2

ਸਾਰਥਕ ਅਤੇ ਨਿਰਾਰਥਕ ਸ਼ਬਦਾਂ ਤੋਂ ਕੀ ਭਾਵ ਹੈ? ਹਰ ਇੱਕ ਦੀਆਂ ਉਦਾਹਰਣਾਂ ਦਿਓ।

ਜਾਂ

ਇਕੱਠ ਵਾਚਕ ਨਾਂਵ ਦੀ ਪ੍ਰੀਭਾਸ਼ਾ ਲਿਖੋ ਅਤੇ ਇਸ ਦੇ ਦੋ ਉਦਾਹਰਣ ਵੀ ਦਿਓ।

ਪ੍ਰ.2 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਓ। 2

ਬਾਬਾ ਫਰੀਦ ਨੇ ਆਪਣੇ ਸਲੋਕਾਂ ਵਿੱਚ ਮਨੁੱਖ ਨੂੰ ਕੀ ਸੁਨੇਹਾ ਦਿੱਤਾ ਹੈ? ਉਦਾਹਰਣਾਂ ਸਹਿਤ ਵਰਣਨ ਕਰੋ?

ਜਾਂ

ਸ਼ਿਵ ਕੁਮਾਰ ਨੇ 'ਲੂਣਾ' ਕਾਵਿ-ਸੰਗ੍ਰਹਿ ਵਿੱਚ ਕੀ ਨਵਾਂ ਦ੍ਰਿਸ਼ਟੀ ਕੋਣ ਪੇਸ਼ ਕੀਤਾ ਹੈ?

ਪ੍ਰ.3 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ- 2

ਭਗਤ ਸਿੰਘ ਨੇ ਖੇਤ ਵਿੱਚ ਕਾਨ੍ਹੇ ਕੀ ਸਮਝ ਕੇ ਬੀਜੇ? ਉਸਨੇ ਆਪਣੇ ਪਿਤਾ ਜੀ ਨੂੰ ਕੀ ਉੱਤਰ ਦਿੱਤਾ?

ਜਾਂ

ਲੇਖਕ ਦੁਆਰਾ 'ਸਾਂਝ' ਕਹਾਣੀ ਲਿਖਣ ਦਾ ਕੀ ਉਦੇਸ਼ ਹੈ? ਉਸ ਉਦੇਸ਼ ਦਾ ਵਰਣਨ ਕਰੋ?

ਚਲਦਾ ਪੰਨਾ...2.....

Scanned by CamScanner

ਪ੍ਰ.4 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ- 4

ਸ਼ਹਿਰ ਵਿੱਚ ਵੱਧ ਰਹੀ ਗੁੰਡਾ ਗਰਦੀ ਬਾਰੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ਅਤੇ ਇਹ ਵੀ ਦੱਸੋ ਕਿ ਤੁਹਾਡੀ ਇਸ ਚਿੱਠੀ ਦਾ ਕੀ ਮਹੱਤਵ ਹੋਵੇਗਾ?

ਜਾਂ

"ਚੰਗੀਆਂ ਕਿਤਾਬਾਂ ਪਾਸ ਹੋਣ ਨਾਲ ਸਾਨੂੰ ਆਪਣੇ ਭਲੇ ਮਿੱਤਰ ਨਾਲ ਰਹਿਣ ਦੀ ਕਮੀ ਮਹਿਸੂਸ ਨਹੀਂ ਹੁੰਦੀ।" ਇਨ੍ਹਾਂ ਸਤਰਾਂ ਦੀ ਵਿਆਖਿਆ ਕਰਦੇ ਹੋਏ ਕਿਤਾਬਾਂ ਦੀ ਮਹੱਤਤਾ ਬਾਰੇ ਲਿਖੋ।

ਪ੍ਰ.5 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ- 4

ਸ਼ਾਹ ਮੁਹੰਮਦ ਨੇ ਸਿੱਖਾਂ ਦੀ ਹਾਰ ਦਾ ਕਾਰਨ ਕੀ ਮੰਨਿਆ ਹੈ? ਵਿਸਥਾਰ ਵਿੱਚ ਲਿਖੋ।

ਜਾਂ

"ਭਾਸ਼ਾ ਮਨੁੱਖ ਦੀ ਸਭ ਤੋਂ ਕੀਮਤੀ ਪੂੰਜੀ ਹੈ।" ਡਾ. ਹਰਕੀਰਤ ਸਿੰਘ ਵਲੋਂ ਲਿਖੀ ਇਸ ਸਤਰ ਦੀ ਭਾਸ਼ਾ ਦਾ ਮਹੱਤਵ ਸਮਝਾਉਂਦੇ ਹੋਏ ਵਰਣਨ ਕਰੋ।

ਪ੍ਰ.6 ਹੇਠ ਲਿਖਿਆ ਵਿਚੋਂ ਕੋਈ ਇੱਕ ਪ੍ਰੋਜੈਕਟ ਬਣਾਓ- 6

ਅਜੋਕੇ ਸਮਾਜ ਦੀਆਂ ਕੁਰੀਤੀਆਂ ਦੀ ਇੱਕ ਸੂਚੀ ਬਣਾਓ ਅਤੇ ਉਨ੍ਹਾਂ ਬਾਰੇ ਇੱਕ ਨਿਬੰਧ ਲਿਖੋ।

ਜਾਂ

ਤੁਹਾਡੀ ਪੁਸਤਕ ਵਿੱਚ ਦਿੱਤੇ ਸਾਹਿਤਕਾਰਾਂ ਦੀ ਸੂਚੀ ਬਣਾਓ ਅਤੇ ਕਿਸੇ ਇੱਕ ਬਾਰੇ ਵਿਸਥਾਰਪੂਰਵਕ ਲਿਖੋ।

Scanned by CamScanner